ਇਸਤਿਹਾਰ ਨੰਬਰ : 02 ਆਫ 2016 ਡਿਟੇਲਡ ਸੂਚਨਾ

1. ਜਾਣ – ਪਹਿਚਾਣ:-

ੳ) ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਸਥਾਪਨਾ ਭਾਰਤੀ ਸੰਵਿਧਾਨ ਦੀ ਧਾਰਾ 309 ਤਹਿਤ ਕੀਤੀ ਗਈ ਹੈ । ਜਿਸ ਦਾ ਮੁੱਖ ਮੰਤਵ ਪੰਜਾਬ ਸਰਕਾਰ ਦੇ ਅਦਾਰਿਆਂ ਵੱਲੋਂ ਪ੍ਰਾਪਤ ਕੀਤੇ ਮੰਗ ਪੱਤਰਾਂ ਅਨੁਸਾਰ ਪੰਜਾਬ ਸਰਕਾਰ ਦੇ ਅਦਾਰਿਆਂ ਵਿੱਚ ਗਰੁੱਪ *ਸੀ* ਸੇਵਾਵਾਂ ਦੇ ਅਮਲੇ ਦੀ ਭਰਤੀ ਕਰਨਾ ਹੈ।

ਪੰਚਾਇਤ ਸਕੱਤਰ ਦੀ ਭਰਤੀ ਪ੍ਰਕਿਰਿਆ-2016

ਇਸਤਿਹਾਰ ਨੰਬਰ: 02 ਆਫ 2016

ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤੋਂ ਮੰਗ-ਪੱਤਰ ਪ੍ਰਾਪਤ ਹੋਣ ਉਪਰੰਤ ਹੇਠ ਲਿਖੀਆਂ ਆਸਾਮੀਆਂ ਦੀ ਭਰਤੀ ਲਈ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ:-

2. ਆਸਾਮੀ ਦਾ ਨਾਂ:-

1) **ਪੰਚਾਇਤ ਸਕੱਤਰ-** ਕੁੱਲ ਗਿਣਤੀ- 800

**ਆਸਾਮੀਆਂ ਦੀ ਕੈਟਾਗਰੀ-ਵਾਈਜ਼ ਵੰਡ**

ਜਨਰਲ-400, ਅਨੁਸੂਚਿਤ ਜਾਤੀ-160, ਪੱਛੜੀ ਸ੍ਰੇਣੀਆਂ-80, ਸਾਬਕਾ ਫੌਜੀ(ਜ)-56, ਸਾਬਕਾ ਫੌਜੀ (ਅ:ਜ:)-32, ਸਾਬਕਾ ਫੌਜੀ (ਪੱ:ਸ੍ਰੇ)-16, ਖਿਡਾਰੀ (ਜ) 16, ਖਿਡਾਰੀ (ਅ:ਜ:)-8, ਅੰਗਹੀਣ-24, ਸੁਤੰਤਰਤਾ ਸੰਗਰਾਮੀ - 8

ਨੋਟ :- ਇਹ ਇਸ਼ਤਿਹਾਰ ਸਬੰਧਤ ਵਿਭਾਗ ਵੱਲੋਂ ਪ੍ਰਾਪਤ ਕੀਤੇ ਮੰਗ ਪੱਤਰ ਦੇ ਅਧਾਰ ਤੇ ਦਿੱਤਾ ਜਾ ਰਿਹਾ ਹੈ , ਇਸ ਵਿੱਚ ਕਿਸੇ ਵੀ ਤਰਾਂ ਦੀ ਰੱਦੋ ਬਦਲ ਕਰਨ ਦਾ ਹੱਕ ਬੋਰਡ ਕੋਲ ਰਾਖਵਾਂ ਹੋਵੇਗਾ ।

ਉਪਰੋਕਤ ਆਸਾਮੀਆਂ ਲਈ ਬਿਨੈਕਾਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਵੈਬਸਾਈਟ www.punjabsssb.gov.in ਤੇ ਮਿਤੀ 08.08.2016 ਤੋਂ 06.09.2016 ਤੱਕ ਸ਼ਾਮ 5.00 ਵਜੇ ਤੱਕ ਆਨ-ਲਾਈਨ ਅਪਲਾਈ ਕਰ ਸਕਦੇ ਹਨ।

3. ਵਿਦਿਅਕ ਯੋਗਤਾ:-

| ਲੜੀ ਨੰ: | ਆਸਾਮੀ ਦਾ ਨਾਮ | ਵਿਦਿਅਕ ਯੋਗਤਾ | ਪੇਅ ਸਕੇਲ |
|---|---|---|---|
| 1. | ਪੰਚਾਇਤ ਸਕੱਤਰ | (ੳ) ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ/ਸੰਸਥਾ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਯੂ.ਜੀ.ਸੀ ਦੀਆਂ | 10300-34800+3200 ਗ੍ਰੇਡ |

ਹ) ਆਨਲਾਈਨ ਤੋਂ ਇਲਾਵਾ ਕਿਸੇ ਹੋਰ ਵਿਧੀ ਰਾਹੀਂ ਪ੍ਰਾਪਤ ਹੋਈ ਅਰਜੀ ਜਾਂ ਆਨਲਾਈਨ ਦਾ ਪ੍ਰੋਸੈਸ ਅਧੂਰਾ ਹੋਣਾ।

11. ਰਿਜਰਵੇਸ਼ਨ ਸਰਟੀਫਿਕੇਟ:-

ੳ) ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਭਲਾਈ ਵਿਭਾਗ, ਪੰਜਾਬ ਸਰਕਾਰ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਅਤੇ ਸਾਬਕਾ ਫੌਜੀਆਂ ਦਾ ਸਰਟੀਫਿਕੇਟ ਉਨ੍ਹਾਂ ਦੇ ਸਬੰਧਤ ਵਿਭਾਗ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਹੋਵੇਗਾ।

ਅ) ਵੱਖ-ਵੱਖ ਕੈਟਾਗਰੀਆਂ ਐਸ.ਸੀ/ਬੀ.ਸੀ., ਸਾਬਕਾ ਫੌਜੀ, ਕੈਟਾਗਰੀ ਨਾਲ ਸਬੰਧਤ ਉਮੀਦਵਾਰ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦਾ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਹੋਇਆ ਸਰਟੀਫਿਕੇਟ ਸਬੂਤ ਵਜੋਂ ਕੌਂਸਲਿੰਗ ਸਮੇਂ ਪੇਸ਼ ਕਰਨਗੇ।

12. ਚੋਣ ਵਿਧੀ:-

(ੳ) ਉਪਰੋਕਤ ਆਸਾਮੀਆਂ ਦੀ ਭਰਤੀ ਲਿਖਤੀ ਟੈਸਟ ਅਤੇ ਵਿਦਿਅਕ ਯੋਗਤਾਵਾਂ ਦੇ ਆਧਾਰ ਤੇ ਕੀਤੀ ਜਾਵੇਗੀ। ਕੁਲ 200 ਅੰਕਾਂ ਵਿਚੋਂ 100 ਅੰਕ ਲਿਖਤੀ ਟੈਸਟ ਅਤੇ 100 ਅੰਕ ਵਿਦਿਅਕ ਯੋਗਤਾਵਾਂ ਦੇ ਹੋਣਗੇ। ਯੋਗ ਉਮੀਦਵਾਰਾਂ ਦੀ ਚੋਣ ਲਈ ਬੋਰਡ ਵਲੋਂ ਲਿਖਤੀ ਪ੍ਰੀਖਿਆ ਲਈ ਜਾਵੇਗੀ ਅਤੇ ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਹੀ ਫਾਈਨਲ ਮੈਰਿਟ ਤਿਆਰ ਕੀਤੀ ਜਾਵੇਗੀ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ:

| | ਕੁਲ ਅੰਕ | ਘੱਟੋ ਘੱਟ ਲੋੜੀਂਦੇ ਅੰਕ |
|---|---|---|
| 1. ਲਿਖਤੀ ਟੈਸਟ | 100 | 33 |
| 2. ਵਿਦਿਅਕ ਯੋਗਤਾ: | 100 | 33 |
| ੳ) ਮੈਟ੍ਰਿਕ | 25 | - |
| ਅ) 10+2 | 30 | - |
| ੲ) ਗ੍ਰੈਜੂਏਸ਼ਨ | 40 | - |
| ਸ) ਤਰਜੀਹੀ ਯੋਗਤਾ | 5 | - |

ਉਪਰ ਦਿੱਤੀ ਅੰਕਾਂ ਦੀ ਵੰਡ ਅਨੁਸਾਰ ਜੋ ਉਮੀਦਵਾਰ ਘੱਟੋ ਘੱਟ ਅੰਕਾਂ ਦੀ ਸ਼ਰਤ ਪੂਰੀ ਕਰਦੇ ਹੋਣਗੇ ਉਹਨਾਂ ਨੂੰ ਕੰਪਿਊਟਰ ਉਪਰ 35 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਨਾਲ ਅੰਗਰੇਜੀ ਅਤੇ 30 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਨਾਲ ਪੰਜਾਬੀ ਟਾਈਪ ਟੈਸਟ ਪਾਸ ਕਰਨਾ ਹੋਵੇਗਾ। ਉਮੀਦਵਾਰਾਂ ਦੀ ਫਾਈਨਲ ਸੂਚੀ ਯੋਗ ਉਮੀਦਵਾਰਾਂ ਵਿਚੋਂ ਉਪਰੋਕਤ ਦਰਸਾਈ ਵਿਧੀ ਅਨੁਸਾਰ ਕੁਲ ਪ੍ਰਾਪਤ ਅੰਕਾਂ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ। ਲਿਖਤੀ ਪ੍ਰੀਖਿਆ ਦਾ ਸਿਲੇਬਸ ਅਨੁਲੱਗ-ੲ (Annexure-A) ਤੇ ਰੱਖਿਆ ਜਾਂਦਾ ਹੈ। ਪ੍ਰੀਖਿਆ ਸਤੰਬਰ, 2016 ਵਿੱਚ ਲਏ ਜਾਣ ਦੀ ਸੰਭਾਵਨਾ ਹੈ ਅਤੇ ਪ੍ਰੀਖਿਆ ਦਾ ਪੈਟਰਨ Objective type multiple choice ਹੋਵੇਗਾ।

ਅ) **ਅੰਗਰੇਜੀ ਅਤੇ ਪੰਜਾਬੀ ਟਾਈਪ ਟੈਸਟ ਸਬੰਧੀ ਵੇਰਵਾ** :- Punjab Panchayat Secretaries (Recruitent and conditions of Services) Rules 13 ਅਨੁਸਾਰ ਉਮੀਦਵਾਰਾਂ ਦਾ ਕੰਪਿਊਟਰ ਉੱਤੇ 30 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਨਾਲ ਪੰਜਾਬੀ ਟਾਈਪ ਟੈਸਟ ਅਤੇ 35 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਨਾਲ ਅੰਗਰੇਜੀ ਟਾਈਪ ਟੈਸਟ ਲਿਆ ਜਾਵੇਗਾ। ਇਨ੍ਹਾਂ ਦੋਵੇਂ ਭਾਸ਼ਾਵਾਂ ਦੇ ਟਾਈਪ ਟੈਸਟ ਲਈ 10-10 ਮਿੰਟ ਦਾ ਸਮਾਂ ਨਿਰਧਾਰਤ ਹੋਵੇਗਾ।

